# ਸਾਉਣੀ ਮੰਡੀਕਰਨ ਮੌਸਮ 2022-23 ਵਿੱਚ ਬਾਜਰੇ ਦੀ ਅੰਦਾਜ਼ਨ ਉਤਪਾਦਨ ਲਾਗਤ ਸਭ ਤੋਂ ਘੱਟ

ਅਨਾਜ ਦੀਆਂ ਫ਼ਸਲਾਂ ਵਿੱਚੋਂ, ਸਾਉਣੀ ਮੰਡੀਕਰਨ ਮੌਸਮ 2022-23 ਲਈ ਬਾਜਰੇ ਦੀ ਅੰਦਾਜ਼ਨ ਉਤਪਾਦਨ ਲਾਗਤ ਸਭ ਤੋਂ ਘੱਟ ਸੀ। ਖੇਤੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਸਾਉਣੀ ਮੰਡੀਕਰਨ ਮੌਸਮ 2022-23 ਲਈ ਭਾਰਤ ਦੀਆਂ ਸਾਉਣੀ ਦੀਆਂ ਫ਼ਸਲਾਂ ਦੀ ਗਣਨਾ ਕੀਤੀ ਸੀ।

ਹਾਲਾਂਕਿ, ਬਾਜਰੇ ਦਾ ਝਾੜ, ਜਿਸ ਨੂੰ ਪੋਸ਼ਕ ਅਨਾਜ ਵੀ ਕਿਹਾ ਜਾਂਦਾ ਹੈ, ਦੋ ਪ੍ਰਮੁੱਖ ਸਾਉਣੀ ਦੀਆਂ ਅਨਾਜ ਫ਼ਸਲਾਂ ਝੋਨੇ ਅਤੇ ਮੱਕੀ ਨਾਲੋਂ ਕਾਫ਼ੀ ਘੱਟ ਸੀ।

ਸੀ ਏ ਸੀ ਪੀ ਦੀ ਗਣਨ ਦੇ ਮੁਤਾਬਿਕ, ਫ਼ਸਲਾਂ ਦੀ ਪੈਦਾਵਾਰ ਦੀ ਲਾਗਤ ਵਿੱਚ ਏ2 (ਅਸਲ ਅਦਾ ਕੀਤੀ ਲਾਗਤ), ਏ2 + ਐਫ ਐਲ (ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ) ਅਤੇ ਸੀ2 [ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}] ਸ਼ਾਮਿਲ ਹਨ। ਕਮਿਸ਼ਨ ਹਰੇਕ ਫ਼ਸਲ ਲਈ ਪੈਦਾਵਾਰ ਲਾਗਤ ਦੀ ਗਣਨਾ ਲਈ ਰਾਜ-ਵਾਰ ਅਸਲ ਲਾਗਤ ਅਨੁਮਾਨ ਲੈਂਦਾ ਹੈ।

ਸਾਉਣੀ ਮੌਸਮ 2022-23 ਲਈ, ਪੋਸ਼ਕ ਅਨਾਜਾਂ ਵਿੱਚੋਂ ਸਭ ਤੋਂ ਘੱਟ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ ਦਾ ਹਿਸਾਬ ਬਾਜਰੇ ਦੇ ਲਈ ਲਾਇਈ ਗਿਆ ਸੀ ਜਿਹੜਾ ਕਿ 1,684 ਰੁਪਏ ਪ੍ਰਤੀ ਕੁਇੰਟਲ ਸੀ। ਜਵਾਰ ਲਈ, ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 2,676 ਰੁਪਏ ਪ੍ਰਤੀ ਕੁਇੰਟਲ ਸੀ। ਰਾਗੀ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 3,198 ਰੁਪਏ ਪ੍ਰਤੀ ਕੁਇੰਟਲ ਸੀ।

ਸਾਉਣੀ ਮੰਡੀਕਰਨ ਮੌਸਮ 2022-23 ਲਈ ਬਾਜਰੇ ਲਈ ਦਾ ਘੱਟੋ-ਘੱਟ ਸਮਰਥਨ ਮੁੱਲ 2,350 ਰੁਪਏ ਪ੍ਰਤੀ ਕੁਇੰਟਲ ਸੀ। ਜਵਾਰ (ਹਾਈਬ੍ਰਿਡ) ਅਤੇ ਜਵਾਰ (ਮਾਲਦੰਡੀ) ਲਈ ਸਮਰਥਨ ਮੁੱਲ ਕ੍ਰਮਵਾਰ 2,970 ਰੁਪਏ ਅਤੇ 2,990 ਰੁਪਏ ਪ੍ਰਤੀ ਕੁਇੰਟਲ ਸੀ। ਰਾਗੀ ਦਾ ਐਮ ਐਸ ਪੀ 3,578 ਰੁਪਏ ਪ੍ਰਤੀ ਕੁਇੰਟਲ ਸੀ।

ਸੀ ਏ ਸੀ ਪੀ ਨੇ ਪੋਸ਼ਕ ਅਨਾਜਾਂ ਵਿੱਚੋਂ ਜਵਾਰ ਲਈ 13.22 ਕੁਇੰਟਲ ਪ੍ਰਤੀ ਹੈਕਟੇਅਰ, ਬਾਜਰੇ ਲਈ 16.94 ਕੁਇੰਟਲ ਅਤੇ ਰਾਗੀ ਲਈ 18.90 ਕੁਇੰਟਲ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਅਨੁਮਾਨਿਤ ਝਾੜ ਦੀ ਗਣਨਾ ਕੀਤੀ ਸੀ।

ਸਾਉਣੀ ਦੀਆਂ ਹੋਰ ਅਨਾਜ ਫਸਲਾਂ ਵਿੱਚ, ਸਾਉਣੀ ਮੰਡੀਕਰਨ ਮੌਸਮ 2022-23 ਲਈ ਝੋਨੇ ਅਤੇ ਮੱਕੀ ਦੀ ਅੰਦਾਜ਼ਨ ਪੈਦਾਵਾਰ ਲਾਗਤ ਕ੍ਰਮਵਾਰ 1,805 ਰੁਪਏ ਪ੍ਰਤੀ ਕੁਇੰਟਲ ਅਤੇ 1,713 ਰੁਪਏ ਪ੍ਰਤੀ ਕੁਇੰਟਲ ਸੀ। 2022-23 ਦੇ ਸਾਉਣੀ ਮੌਸਮ ਲਈ ਝੋਨੇ ਅਤੇ ਮੱਕੀ ਦਾ ਅਨੁਮਾਨਿਤ ਝਾੜ ਕ੍ਰਮਵਾਰ 43.38 ਕੁਇੰਟਲ ਪ੍ਰਤੀ ਹੈਕਟੇਅਰ ਅਤੇ 35.13 ਕੁਇੰਟਲ ਪ੍ਰਤੀ ਹੈਕਟੇਅਰ ਸੀ।

**2023-24 ਸਾਉਣੀ ਮੰਡੀਕਰਨ ਮੌਸਮ ਲਈ ਅਨਾਜ ਫ਼ਸਲਾਂ ਦੀ ਅੰਦਾਜ਼ਨ ਕੁੱਲ ਭਾਰਤ ਪੈਦਾਵਾਰ ਲਾਗਤ ਅਤੇ ਐਮ ਐਸ ਪੀ**

| **ਫ਼ਸਲ** | **2022-23 ਸਾਉਣੀ ਮੰਡੀਕਰਨ ਮੌਸਮ ਦੌਰਾਨ ਪੈਦਾਵਾਰ ਲਾਗਤ (ਰੁਪਏ ਪ੍ਰਤੀ ਕੁਇੰਟਲ)** | | | **2022-23 ਲਈ ਐਮ ਐਸ ਪੀ (ਰੁਪਏ/ਕੁਇੰਟਲ)** | **ਅੰਦਾਜ਼ਨ ਝਾੜ (ਕੁਇੰਟਲ/ਹੈਕਟੇਅਰ)** |
|---|---|---|---|---|---|
| | ***ਏ2** | ****ਏ2+ਐਫਐਲ** | **#ਸੀ2** | | |
| ਜਵਾਰ (ਹਾਈਬ੍ਰਿਡ | 1,476 | 1,977 | 2,676 | 2,970 | 13.22 |
| ਜਵਾਰ (ਮਾਲਡੰਡੀ) | | | | 2,990 | |
| ਬਾਜਰਾ | 737 | 1,268 | 1,684 | 2,350 | 16.94 |
| ਰਾਗੀ | 1,690 | 2,385 | 3,198 | 3,578 | 18.90 |
| ਝੋਨਾ (ਗ੍ਰੇਡ ਏ) | 1,052 | 1,360 | 1,805 | 2,060 | 43.38 |
| ਝੋਨਾ (ਆਮ) | | | | 2,040 | |
| ਮੱਕੀ | 1,007 | 1,308 | 1,713 | 1,962 | 35.13 |

**ਸਰੋਤ:** ਸੀ ਏ ਸੀ ਪੀ ਗਣਨਾ

ਏ2: ਅਸਲ ਅਦਾ ਕੀਤੀ ਲਾਗਤ

ਏ2+ਐਫਐਲ: ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ

#ਸੀ2: [ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}]

**ਨੋਟ:** ਇੱਕ ਫ਼ਸਲ ਦੇ ਉਤਪਾਦਨ ਦੀ ਕੁੱਲ-ਭਾਰਤੀ ਲਾਗਤ ਅੰਦਾਜ਼ਨ ਲਾਗਤ ਰਾਜਾਂ ਦੀ ਪੈਦਾਵਾਰ ਲਾਗਤ ਦੀ ਭਾਰਿਤ ਔਸਤ ਹੈ